ਮਿਤੀ 05-07-2022

# ਪ੍ਰੈਸ ਨੋਟ

***ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋਂ ਨਸ਼ਿਆ ਵਿਰੁੱਧ ਵਿੱਢੀ ਗਈ ਮੁਹਿੰਮ ਤਹਿਤ 01 ਨਸ਼ਾ ਤਸਕਰ ਨੂੰ ਕਾਬੂ ਕਰਕੇ ਉਸ ਪਾਸੋਂ 02 ਕਿੱਲੋ 600 ਗ੍ਰਾਮ ਅਫੀਮ ਬ੍ਰਾਮਦ ਕੀਤੀ ਗਈ।***

ਪੰਜਾਬ ਸਰਕਾਰ ਵੱਲੋਂ ਨਸ਼ਿਆ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ, ਫਿਰੋਜ਼ਪੁਰ ਰੇਂਜ਼, ਫਿਰੋਜ਼ਪੁਰ ਜੀ ਵੱਲੋਂ ਜ਼ਾਰੀ ਦਿਸ਼ਾ-ਨਿਰਦੇਸ਼ਾ ਅਨੁਸਾਰ ਸ਼੍ਰੀ ਚਰਨਜੀਤ ਸਿੰਘ ਆਈ.ਪੀ.ਐੱਸ., ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਦੀ ਅਗਵਾਈ ਹੇਠ ਜਿਲ੍ਹਾ ਫਿਰੋਜ਼ਪੁਰ ਵਿੱਚ ਨਸ਼ਿਆ ਨੂੰ ਠੱਲ ਪਾਉਣ ਲਈ ਜਿਲਾ ਪੁਲਿਸ ਵੱਲੋਂ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਸ਼੍ਰੀ ਗੁਰਬਿੰਦਰ ਸਿੰਘ ਪੀ.ਪੀ.ਐੱਸ., ਕਪਤਾਨ ਪੁਲਿਸ, ਇੰਨਵੈਸਟੀਗੇਸ਼ਨ, ਫਿਰੋਜ਼ਪੁਰ ਅਤੇ ਸ਼੍ਰੀ ਜਗਦੀਸ਼ ਕੁਮਾਰ, ਪੀ.ਪੀ.ਐੱਸ., ਉਪ ਕਪਤਾਨ ਪੁਲਿਸ (ਡੀ) ਫਿਰੋਜ਼ਪੁਰ ਦੀ ਨਿਗਰਾਨੀ ਹੇਠ ਟੀਮਾਂ ਬਣਾਈਆ ਗਈਆ ਸਨ। ਜਿੰਨਾਂ ਵਿੱਚੋਂ ਐਸ.ਆਈ ਜਨਕ ਰਾਜ਼, ਇੰਚਾਰਜ਼, ਸੀ.ਆਈ.ਏ ਸਟਾਫ ਫਿਰੋਜ਼ਪੁਰ ਦੀ ਟੀਮ ਨੂੰ ਉਸ ਸਮੇਂ ਭਾਰੀ ਸਫਲਤਾ ਮਿਲੀ ਜਦੋਂ ਮਿਤੀ 04-07-2022 ਨੂੰ ਏ.ਐਸ.ਆਈ ਹਰਦੇਵ ਸਿੰਘ ਪਾਸ **ਮੁਖਬਰੀ/ਗੁਪਤ ਸੂਚਨਾਂ ਮਿਲੀ ਕਿ** ਸੁਖਮਨਜੀਤ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਮਕਾਨ ਨੰਬਰ 101, ਪਿੰਡ ਸ਼ੇਰਪੁਰ ਖੁਰਦ, ਤਹਿਸੀਲ ਜਗਰਾਓ ਜਿਲ੍ਹਾ ਲੁਧਿਆਣਾ ਅਫੀਮ ਵੇਚਣ ਦਾ ਆਦੀ ਹੈ, ਜੋ ਅੱਜ ਵੀ ਮੋਟਰਸਾਇਕਲ ਪਲਾਟੀਨਾ ਨੰਬਰੀ PB-10-EL- 9720 ਪਰ ਸਵਾਰ ਹੋ ਕੇ ਫਿਰੋਜ਼ਪੁਰ ਮੋਗਾ ਰੋਡ ਪਰ ਰਾਜਸਥਾਨ ਫੀਡਰ ਨਹਿਰ ਦੀ ਲਹਿੰਦੀ ਕੱਚੀ ਪੱਟੜੀ ਰਾਂਹੀ ਪਿੰਡ ਬਜੀਦਪੁਰ ਵਿੱਚ ਵੇਚਣ ਜਾ ਰਿਹਾ ਹੈ। ਨਾਕਾਬੰਦੀ ਕਰਕੇ ਇਸਨੂੰ ਕਾਬੂ ਕੀਤਾ ਜਾਵੇ। ਜਿਸ ਤੇ ਉਕਤ ਦੋਸ਼ੀ ਦੇ ਖਿਲਾਫ ਮੁਕੱਦਮਾਂ ਨੰਬਰ 78 ਮਿਤੀ 04-07-2022 ਅ/ਧ 18/61/85 ਐਨ.ਡੀ.ਪੀ.ਐਸ ਐਕਟ ਥਾਣਾ ਕੁਲਗੜੀ ਦਰਜ਼ ਰਜਿਸਟਰ ਕੀਤਾ ਗਿਆ। ਮੁਖਬਰ ਦੀ ਦੱਸੀ ਹੋਈ ਜਗ੍ਹਾ ਪਰ ਨਾਕਾਬੰਦੀ ਕਰਕੇ ਸੁਖਮਨਜੀਤ ਸਿੰਘ ਉਕੱਤ ਨੂੰ ਸਮੇਤ ਮੋਟਰਸਾਇਕਲ ਕਾਬੂ ਕੀਤਾ। ਜਿਸਦੀ ਸ਼੍ਰੀ ਜਗਦੀਸ਼ ਕੁਮਾਰ, ਉਪ ਕਪਤਾਨ ਪੁਲਿਸ (ਡੀ) **ਫਿਰੋਜ਼ਪੁਰ ਦੀ** ਨਿਗਰਾਨੀ ਹੇਠ ਉਸਦੇ ਕਬਜ਼ੇ ਵਿਚਲੀ ਕਿੱਟ (ਬੈਗ) ਵਿੱਚੋਂ 2 ਕਿਲੋ 600 ਗ੍ਰਾਮ ਅਫੀਮ ਬਰਾਮਦ ਹੋਈ। ਦੋਸ਼ੀ ਨੂੰ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ, ਜਿਸਦੀ ਪੁੱਛਗਿੱਛ ਕੀਤੀ ਜਾਵੇਗੀ।

ਮੁਕੱਦਮਾਂ ਨੰਬਰ 78 ਮਿਤੀ 04-07-2022 ਅ/ਧ 18/61/85 ਐਨ.ਡੀ.ਪੀ.ਐਸ ਐਕਟ ਥਾਣਾ ਕੁਲਗੜੀ

**ਬਨਾਮ** : - ਸੁਖਮਨਜੀਤ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਮਕਾਨ ਨੰਬਰ 101, ਪਿੰਡ ਸ਼ੇਰਪੁਰ ਖੁਰਦ, ਤਹਿਸੀਲ ਜਗਰਾਓ ਜਿਲ੍ਹਾ ਲੁਧਿਆਣਾ।

**ਬ੍ਰਾਮਦਗੀ:** 02 ਕਿੱਲੋ 600 ਗ੍ਰਾਮ ਅਫੀਮ ਸਮੇਤ ਮੋਟਰਸਾਇਕਲ ਪਲਾਟੀਨਾ ਨੰਬਰੀ PB-10-EL- 9720

**ਬ੍ਰਾਮਦਗੀ ਦੀ ਜਗ੍ਹਾ :** ਨੇੜੇ ਫਿਰੋਜ਼ਪੁਰ-ਮੋਗਾ ਰੋਡ ਤੋਂ ਲਹਿੰਦੇ ਪਾਸੇ ਰਾਜ਼ਸਥਾਨ ਫੀਡਰ ਨਹਿਰ ਨਾਲ ਜਾਂਦਾ ਕੱਚਾ ਰਸਤਾ।

Scanned by CamScanner